ੴ ਸਤਿਗੁਰ ਪ੍ਰਸਾਦਿ॥

ਨਕਲ ਰੋਜ਼ਨਾਮਚਾ ਹੁਕਮ ਡਿਉੜੀ ਮੁਅੱਲਾ
ਮਿਤੀ 10 ਕੱਤਕ ਸੰਮਤ 2000
ਮੁਤਾਬਕ 26 ਅਕਤੂਬਰ 1943 ਫਿਲ ਮਿਸਲਦਾਰ
ਮੋਤਬਾਰ ਪੁਲਿਸ, ਪਟਿਆਲਾ ॥

---

ਪੈਰਾ ਨੰ: 2

ਹੁਕਮ ਸ੍ਰੀ 108 ਹਜ਼ੂਰ ਮਹਾਰਾਜਾਧੀਰਾਜ ਮਹਿੰਦਰ ਬਹਾਦਰ ਅਤਿ ਪ੍ਰਤਾਪੀ ਪਰਜਾ ਪਾਲਕ ਜੀ ਜ਼ਬਾਨੀ ਸਰਦਾਰ ਪ੍ਰੀਤਮ ਸਿੰਘ ਸ਼ੇਰ ਗਿੱਲ ਸਰਦਾਰ ਸਾਹਿਬ ਡਿਉੜੀ ਮੁਅੱਲਾ ਅਤੇ ਕਨੇਤਾ ਸਾਹਿਬ ਰਣਵਾਸ ਮੁਬਾਰਕ ਕਿ ਹਜ਼ੂਰ ਮਸ਼ਵੇਰਤ ਦੀ ਨੋਟਿਸ ਵਿਚ ਆਇਆ ਹੈ, ਕਿ ਸ੍ਰੀ ਗੁਰਦੁਆਰਾ ਸਾਹਿਬਾਨ ਦੇ ਮੁਹਤਮਿਮ, ਡੇਰਿਆਂ ਦੇ ਮਹੰਤ, ਮੰਦਰਾਂ ਦੇ ਪੁਜਾਰੀ, ਅਤੇ ਮਸਜਿਦਾਂ, ਖਾਨਗਾਹਾਂ ਅਥਵਾ ਤਕੀਏ ਦੇ ਮੁਤਵੱਲੀ ਆਪਣੇ ਜ਼ਾਤੀ ਫਾਇਦੇ ਨੂੰ ਮੁਖ ਰਖਦਿਆਂ ਹੋਇਆਂ, ਧਰਮ ਅਸਥਾਨਾਂ ਦੀ ਜ਼ਮੀਨਾਂ (ਸਕਨਈ ਅਥਵਾ ਜ਼ਰਈ) ਦੇ ਕਰਾਏ ਦੀ ਦੁਕਾਨਾਂ ਨੂੰ ਲੰਬੇ ਅਰਸੇ ਅਰਥਾਤ 10 ਸਾਲਾਂ ਤੇ 20 ਸਾਲਾਂ ਵਾਸਤੇ ਠੇਕੇ ਤੇ ਨਾਮ ਮਾਤਰ ਰਕਮ ਦੇ ਬਦਲੇ ਦੇ ਦੇਂਦੇ ਹਨ ਉਨ੍ਹਾਂ ਦਾ ਇਹ ਤਰੀਕਾ ਧਾਰਮਕ ਅਸਥਾਨਾਂ ਦੀ ਉਨਤੀ ਵਿਚ ਰੁਕਾਵਟ ਪਾਉਂਦਾ ਹੈ, ਤੇ ਵਰਜਨੀਕ ਹੈ। ਤਾਂ ਤੇ ਹਦਾਇਤ ਕੀਤੀ ਜਾਂਦੀ ਹੈ ਕਿ ਪਵਿਤਰ ਧਰਮ ਅਸਥਾਨਾਂ ਦੀ ਮਹਾਨਤਾ ਨੂੰ ਦ੍ਰਿੜ ਕਰਨ ਲਈ ਤੇ ਉਸਦੀ ਉਨਤੀ ਲਈ (ੳ) ਜੋ ਜ਼ਮੀਨਾਂ ਤੇ ਦੁਕਾਨਾਂ ਆਦਿਕ 3 ਸਾਲ ਤੋਂ ਵਧੀਕ ਮੁੱਦਤ ਲਈ ਠੇਕੇ ਤੇ ਦਿਤੀਆਂ ਹੋਈਆਂ ਹਨ ਅਥਵਾ ਕਰਾਏ ਤੇ ਚੜ੍ਹੀਆਂ ਹੋਈਆਂ ਹਨ, ਫੇਰ ਮੁਤਅਲਕਾ ਅਸਥਾਨ ਨੂੰ ਵਾਪਸ ਕੀਤੀਆਂ ਜਾਵੇ। (ਅ) ਆਇੰਦਾ ਲਈ ਹਰ ਮੁਹਤਮਿਮ ਆਦਿਕ ਨੂੰ ਇਹ ਲਾਜ਼ਮ ਹੋਗਾ, ਕਿ ਜ਼ਮੀਨਾਂ ਨੂੰ ਠੇਕੇ ਤੇ, ਅਤੇ ਦੁਕਾਨਾਂ ਨੂੰ ਕਰਾਏ ਤੇ ਚੜ੍ਹਾਉਣ ਸਬੰਧੀ ਭਾਵੇਂ ਉਹ ਕਿਸੇ ਮੁੱਦਤ ਲਈ ਭੀ ਕਿਉਂ ਨ ਹੋਵੇ, ਪਹਿਲੇਂ ਸਰਦਾਰ ਸਾਹਿਬ ਡਿਉੜੀ ਮੁਅੱਲਾ ਦੀ ਪ੍ਰਵਾਨਗੀ ਲੈਣੀ ਚਾਹੀਦੀ ਹੈ॥

(ਸਹੀ) ਪ੍ਰੀਤਮ ਸਿੰਘ
ਸਰਦਾਰ ਸਾਹਿਬ ਡਿਉੜੀ ਮੁਅੱਲਾ

ਉਤਾਰਾ ਸੁਧ ਹੈ

ਸਰਦਾਰ ਸਾਹਿਬ ਡਿਉੜੀ ਮੁਅੱਲਾ,
(ਐਲ: ਐਸ: ਸਿੱਧੂ) ਪਟਿਆਲਾ॥
10/7

CERTIFIED

Brijje